# SACRIFICE
# 316

## ਜੀਉਂਦਾ ਬਲੀਦਾਨ

*"ਸੋ ਹੇ ਭਰਾਵੋ, ਮੈਂ ਪਰਮੇਸ਼ੁਰ ਦੀਆਂ ਰਹਮਤਾਂ ਦੀ ਖਾਤਰ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਭਈ ਤੁਸੀਂ ਆਪਣੀਆਂ ਦੇਹੀਆਂ ਨੂੰ ਜੀਉਂਦਾ ਅਤੇ ਪਵਿੱਤਰ ਅਤੇ ਪਰਮੇਸ਼ੁਰ ਨੂੰ ਭਾਉਂਦਾ ਬਲੀਦਾਨ ਕਰਕੇ ਚੜ੍ਹਾਵੋ, ਇਹ ਤੁਹਾਡੀ ਰੂਹਾਨੀ ਬੰਦਗੀ ਹੈ। ਅਤੇ ਇਸ ਜੁੱਗ ਦੇ ਰੂਪ ਜੇਹੇ ਨਾ ਬਣੋ ਸਗੋਂ ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ ਵਿੱਚ ਬਦਲਦੇ ਜਾਓ ਤਾਂ ਜੋ ਤੁਸੀਂ ਸਿਆਣ ਲਵੋ ਭਈ ਪਰਮੇਸ਼ੁਰ ਦੀ ਚੰਗੀ ਅਤੇ ਮਨ ਭਾਉਂਦੀ ਅਤੇ ਪੂਰੀ ਇੱਛਿਆ ਕੀ ਹੈ।"*
ਰੋਮੀਆਂ 12:1-2

**ਤੁਹਾਡਾ ਬਲੀਦਾਨ।** ਆਪਣੀ ਦੇਹੀ ਨੂੰ ਇਕ *"ਜੀਉਂਦਾ ਅਤੇ ਪਵਿੱਤਰ"* ਬਲੀਦਾਨ ਕਰਕੇ ਚੜ੍ਹਾਉਣ ਦੀ ਇਸ ਨਸੀਹਤ ਨੂੰ ਅਕਸਰ ਗਲਤ ਸਮਝਿਆ ਜਾਂਦਾ ਹੈ। ਪਰ, ਇਹ ਤੁਹਾਨੂੰ ਉਹ ਸਹੀ ਰਸਤਾ ਵਿਖਾਉਣ ਲਈ ਬਹੁਤ ਮਹੱਤਵਪੂਰਣ ਹੈ, ਜਿਸ ਨਾਲ ਤੁਸੀਂ ਯਿਸੂ ਮਸੀਹ ਵਿੱਚ ਸਿਰਫ਼ ਇੱਕ ਵਿਸ਼ਵਾਸੀ ਤੋਂ ਵੱਧ ਬਣ ਸਕਦੇ ਹੋ। ਪਹਿਲੀ ਆਇਤ ਹਰੇਕ ਵਿਸ਼ਵਾਸੀ ਨੂੰ ਮੁਕਤੀ ਪਾਉਣ ਤੋਂ ਬਾਅਦ ਪਰਮੇਸ਼ੁਰ ਨੂੰ ਇੱਕ ਖ਼ਾਸ ਬਲੀਦਾਨ ਚੜ੍ਹਾਉਣ ਦੀ ਚੁਣੌਤੀ ਦਿੰਦੀ ਹੈ। ਦੂਜੀ ਆਇਤ ਉਸ ਬਲੀਦਾਨ ਚੜ੍ਹਾਉਣ ਤੋਂ ਬਾਅਦ ਦੇ ਜੀਵਨ ਲਈ ਹਦਾਇਤਾਂ ਦਿੰਦੀ ਹੈ। ਰੋਜ਼ਾਨਾ ਆਪਣੀ ਸਲੀਬ ਚੁੱਕਣ ਦੇ ਹਿੱਸੇ ਵਜੋਂ, ਰੋਜ਼ ਪਰਮੇਸ਼ੁਰ ਦੇ ਅਧੀਨ ਹੋਵੋ, ਲੂਕਾ 9:23. ਪਰ, ਰੋਮੀਆਂ 12:1 ਦਾ ਮਕਸਦ ਇਹ ਨਹੀਂ ਹੈ। ਇਸ ਦੇ *"ਆਪਣੀਆਂ ਦੇਹੀਆਂ ਨੂੰ ... ਚੜ੍ਹਾਓ"* ਹੁਕਮ ਦਾ ਮਤਲਬ ਹੈ *ਇੱਕੋ ਵਾਰ ਹਮੇਸ਼ਾ ਲਈ* ਪਰਮੇਸ਼ੁਰ ਪ੍ਰਤੀ ਅਰਪਣ ਕਰਨਾ, ਸਮਰਪਣ ਕਰਨਾ ਅਤੇ ਪੂਰੀ ਤਰ੍ਹਾਂ ਉਸ ਦੇ ਅਧੀਨ ਹੋ ਜਾਣਾ। ਇਹ ਮੁਕਤੀ ਨਹੀਂ ਹੈ। ਮੁਕਤੀ ਕੇਵਲ ਮਸੀਹ ਦੇ ਬਲੀਦਾਨ 'ਤੇ ਅਧਾਰਤ ਹੈ। ਇਹ ਵੱਖਰੀ ਗੱਲ ਹੈ। ਇਹ ਤੁਹਾਡਾ ਬਲੀਦਾਨ ਹੈ। ਇਹ ਰੋਜ਼ ਦਾ ਬਲੀਦਾਨ ਨਹੀਂ ਹੈ। ਇਹ ਬਿਨਾਂ ਕਿਸੇ ਸ਼ਰਤ ਅਤੇ ਪੂਰੀ ਤਰ੍ਹਾਂ ਇੱਕ ਜੀਉਂਦੇ, ਪਵਿੱਤਰ ਅਤੇ ਮਨ ਭਾਉਂਦੇ ਬਲੀਦਾਨ ਦੇ ਰੂਪ ਵਿੱਚ ਆਪਣਾ ਜੀਵਨ ਪਰਮੇਸ਼ੁਰ ਨੂੰ ਦੇਣਾ ਹੈ। ਇਹ ਆਪਣੀ ਸਵੈ-ਇੱਛਾ ਨਾਲ ਪਰਮੇਸ਼ੁਰ ਦੀ ਮਹਿਮਾ ਅਤੇ ਬਿਨਾਂ ਕਿਸੇ ਰੋਕ-ਟੋਕ ਦੇ ਉਸ ਵੱਲੋਂ ਇਸਤੇਮਾਲ ਕੀਤੇ ਜਾਣ ਲਈ ਖੁਦ ਨੂੰ ਤੋਹਫ਼ੇ ਦੇ ਰੂਪ ਵਿੱਚ ਦੇਣਾ ਹੈ।

**ਇਹ ਬਲੀਦਾਨ ਕਿਉਂ ਚੜ੍ਹਾਉਣਾ ਹੈ?** ਪਰਮੇਸ਼ੁਰ ਦੀਆਂ ਰਹਮਤਾਂ ਦੀ ਖਾਤਰ। ਰੋਮੀਆਂ 1-11 ਅਧਿਆਇ ਪਰਮੇਸ਼ੁਰ ਦੀਆਂ ਰਹਮਤਾਂ ਦਾ ਵਰਣਨ ਕਰਦੇ ਹਨ। ਰੋਮੀਆਂ 12:1 ਆਇਤ ਤੁਹਾਨੂੰ ਦੱਸਦੀ ਹੈ ਕਿ ਪਰਮੇਸ਼ੁਰ ਉਨ੍ਹਾਂ ਰਹਮਤਾਂ ਦੀ ਖਾਤਰ ਤੁਹਾਡੇ ਤੋਂ ਕੀ ਕਰਵਾਉਣਾ ਚਾਹੁੰਦਾ ਹੈ। ਰੋਮੀਆਂ 12:2 ਆਇਤ ਤੁਹਾਨੂੰ ਤੁਹਾਡੇ ਬਲੀਦਾਨ ਤੋਂ *ਬਾਅਦ* ਦੇ ਜੀਵਨ ਲਈ ਦੋ ਨਸੀਹਤਾਂ ਦਿੰਦੀ ਹੈ। ਤੁਹਾਨੂੰ ਬਚਾਉਣ ਅਤੇ ਪਵਿੱਤਰ ਕਰਨ ਵਿੱਚ ਪਰਮੇਸ਼ੁਰ ਦੀਆਂ ਵੱਡੀਆਂ ਰਹਮਤਾਂ ਦਾ ਵਰਣਨ ਉਨ੍ਹਾਂ ਪਹਿਲੇ ਗਿਆਰਾਂ ਅਧਿਆਵਾਂ ਵਿੱਚ ਕੀਤਾ ਗਿਆ ਹੈ। ਇਸ ਲਈ, ਆਪਣੇ ਆਪ ਨੂੰ ਪਰਮੇਸ਼ੁਰ ਨੂੰ ਚੜ੍ਹਾਓ। ਉਹ ਤੁਹਾਨੂੰ ਇਸ ਜੀਵਨ ਵਿੱਚ ਅਤੇ ਸਦੀਪਕਾਲ ਵਿੱਚ ਬਰਕਤ ਦੇਵੇਗਾ। ਪਰ, ਤੁਹਾਡੇ ਬਲੀਦਾਨ ਲਈ ਸਹੀ ਪ੍ਰੇਰਣਾ ਤੁਹਾਡੇ ਸਾਹਮਣੇ ਨਹੀਂ ਹੈ। ਇਹ ਤੁਹਾਡੇ ਪਿੱਛੇ ਹੈ। ਤੁਹਾਡੀ ਸਹੀ ਪ੍ਰੇਰਣਾ ਉਸ 'ਤੇ ਅਧਾਰਤ ਹੈ ਜੋ ਪਰਮੇਸ਼ੁਰ ਪਹਿਲਾਂ ਹੀ ਕਰ ਚੁੱਕਾ ਹੈ। ਕਲਪਨਾ ਕਰੋ ਕਿ ਯਿਸੂ ਆਪਣੇ ਕਿੱਲਾਂ ਦੇ ਨਿਸ਼ਾਨਾਂ ਵਾਲੇ ਹੱਥ ਤੁਹਾਡੀ ਵੱਲ ਉਠਾਉਂਦੇ ਹੋਏ ਕਹਿੰਦਾ ਹੈ, "ਤੁਹਾਡੇ ਲਈ ਇੰਨਾ ਸਭ ਕੁਝ ਕਰਨ ਤੋਂ ਬਾਅਦ, ਮੇਰੇ ਲਈ ਬੱਸ ਇੰਨਾ ਕਰੋ।" ਰੋਮੀਆਂ 12:1 ਦਾ ਅਰਥ ਇਹੀ ਹੈ।

**ਇੱਕੋ ਵਾਰ ਹੀ ਬਲੀਦਾਨ ਕਿਉਂ?** ਇਹ ਇਸ ਲਈ ਹੈ ਕਿਉਂਕਿ ਰੋਮੀਆਂ 12:1-2 ਦੇ ਸ਼ਬਦਾਂ ਦਾ ਇਹੀ ਅਰਥ ਹੈ। 12:2 ਵਿੱਚ *"ਰੂਪ ਜੇਹੇ ਨਾ ਬਣੋ"* ਅਤੇ *"ਬਦਲਦੇ ਜਾਓ"* ਵਿਚ ਕਿਰਿਆਵਾਂ ਵਰਤਮਾਨ ਕਾਲ ਵਿਚ ਹਨ। ਇਸ ਦਾ ਅਰਥ ਹੈ ਕਿ ਉਹ ਦੋ ਕੰਮ ਹੁਣੇ ਕਰੋ ਅਤੇ ਆਪਣੀ ਪੂਰੀ ਜ਼ਿੰਦਗੀ ਉਨ੍ਹਾਂ ਨੂੰ ਕਰਦੇ ਰਹੋ। ਪਰ, 12:1 ਵਿੱਚ *"ਆਪਣੀਆਂ ਦੇਹੀਆਂ ਨੂੰ ਚੜ੍ਹਾਓ"* ਵਿਚ ਕਿਰਿਆ ਯੂਨਾਨੀ ਭਾਸ਼ਾ ਵਿੱਚ ਸਧਾਰਨ ਵਰਤਮਾਨ ਕਾਲ ਵਿੱਚ ਨਹੀਂ ਹੈ। ਯੂਨਾਨੀ ਭਾਸ਼ਾ ਵਿੱਚ, ਇਸ ਦਾ ਅਰਥ ਇੱਕੋ ਵਾਰ ਦਾ ਕਾਰਜ ਹੈ। ਇਸ ਦਾ ਅਰਥ ਇਹ ਨਹੀਂ ਹੈ ਕਿ ਇਸ ਨੂੰ ਕਰਦੇ ਹੀ ਰਹੋ। ਇਸ ਦਾ ਅਰਥ ਹੈ ਇਸ ਨੂੰ ਇੱਕੋ ਵਾਰ ਹਮੇਸ਼ਾ ਲਈ ਕਰੋ। ਇਹ ਆਪਣੇ ਆਪ ਨੂੰ ਪਰਮੇਸ਼ੁਰ ਪ੍ਰਤੀ ਸਮਰਪਿਤ ਕਰਨ ਦਾ ਇੱਕ ਨਿਰਣਾਇਕ ਕਾਰਜ ਹੈ। ਆਪਣੇ ਆਪ ਨੂੰ ਪਰਮੇਸ਼ੁਰ ਅੱਗੇ ਬਲੀਦਾਨ ਕਰਕੇ ਚੜ੍ਹਾਓ। ਰੋਮੀਆਂ 12:1 ਤੁਹਾਡੇ ਬਲੀਦਾਨ ਬਾਰੇ ਹੈ। ਇਹ ਆਪਣੇ ਆਪ ਨੂੰ ਪਰਮੇਸ਼ੁਰ ਦੀ ਜਗਵੇਦੀ ਉੱਤੇ ਸਥਾਈ ਤੌਰ 'ਤੇ ਰੱਖਣ ਬਾਰੇ ਹੈ।

**ਦੋ ਉਦਾਹਰਣਾਂ।** ਬਿਵਸਥਾ ਸਾਰ 15:12-17 ਇਸ ਦਾ ਇੱਕ ਉਦਾਹਰਣ ਦਿੰਦੀ ਹੈ। ਇੱਕ ਅਜ਼ਾਦ ਇਬਰਾਨੀ ਗੁਲਾਮ *ਸਵੈ-ਇੱਛਾ ਨਾਲ* ਅਤੇ *ਸਥਾਈ ਤੌਰ 'ਤੇ* ਦੁਬਾਰਾ ਆਪਣੇ ਮਾਲਕ ਦਾ ਗੁਲਾਮ ਬਣਨ ਦਾ ਫ਼ੈਸਲਾ ਕਰ ਸਕਦਾ ਸੀ। ਉਹ ਚੋਣ ਮਾਲਕ ਦੀਆਂ ਪਿਛਲੀਆਂ ਰਹਮਤਾਂ 'ਤੇ ਅਧਾਰਤ ਸੀ। ਇਹ ਚੋਣ ਗੁਲਾਮ ਦੇ ਆਪਣੇ ਮਾਲਕ ਪ੍ਰਤੀ ਪਿਆਰ ਤੋਂ ਪ੍ਰੇਰਿਤ ਹੁੰਦੀ ਸੀ। ਇਹ ਸਥਾਈ ਸੀ। ਗੁਲਾਮ ਦੇ ਕੰਨ ਵਿੰਨ੍ਹਣ ਲਈ ਇੱਕ ਸੂਏ ਦੀ ਵਰਤੋਂ ਕੀਤੀ ਜਾਂਦੀ ਸੀ ਜੋ ਇਹ ਦਰਸਾਉਂਦਾ ਸੀ ਕਿ ਉਹ ਜੀਵਨ ਭਰ ਆਪਣੇ ਮਾਲਕ ਦਾ ਨੌਕਰ ਰਹੇਗਾ। ਇਹ ਗੁਲਾਮੀ ਗੁਲਾਮ ਦੀ ਆਪਣੀ ਪਸੰਦ ਹੁੰਦੀ ਸੀ। ਇਹ ਉਸ 'ਤੇ ਜ਼ਬਰਦਸਤੀ ਨਹੀਂ ਥੋਪੀ ਜਾਂਦੀ ਸੀ। ਇਹ ਇੱਕ ਪੱਕਾ ਫ਼ੈਸਲਾ ਹੁੰਦਾ ਸੀ। ਪੁਰਾਣੇ ਨੇਮ ਵਿੱਚ ਇੱਕ ਹੋਰ ਉਦਾਹਰਣ ਜਾਨਵਰਾਂ ਜਾਂ ਪਸ਼ੂਆਂ ਦੀਆਂ ਬਲੀਆਂ ਹਨ। ਜਗਵੇਦੀ ਉੱਤੇ ਚੜ੍ਹਾਏ ਜਾਣ ਦੇ ਲਈ ਜਾਨਵਰ ਦਾ ਸਵੀਕਾਰਯੋਗ ਹੋਣਾ ਜ਼ਰੂਰੀ ਹੁੰਦਾ ਸੀ। ਕੋਈ ਵੀ ਬਿਮਾਰ ਜਾਂ ਬੱਜ ਵਾਲਾ ਜਾਨਵਰ ਸਵੀਕਾਰਯੋਗ ਨਹੀਂ ਸੀ, ਲੇਵੀਆਂ 1-5. ਇਹ ਰੋਮੀਆਂ 12:1 ਵਿੱਚ ਤੁਹਾਡੇ ਬਲੀਦਾਨ ਦੇ ਪਵਿੱਤਰ ਅਤੇ ਮਨ ਭਾਉਂਦੇ ਹਿੱਸੇ ਨੂੰ ਦਰਸਾਉਂਦਾ ਹੈ। ਬਲੀ ਕੀਤੇ ਗਈ ਜਾਨਵਰ ਦੀ ਮੌਤ ਬਲੀ ਦੇ ਸਥਾਈਪੁਣੇ ਨੂੰ ਦਰਸਾਉਂਦੀ ਹੈ। ਕੋਈ ਵੀ ਬਲੀ ਦਾ ਜਾਨਵਰ, ਜਗਵੇਦੀ ਗਰਮ ਹੋਣ 'ਤੇ ਜਗਵੇਦੀ ਤੋਂ ਉਤਾਰਿਆ ਨਹੀਂ ਜਾਂਦਾ ਸੀ। ਦਿਨ ਦੇ ਅੰਤ ਵਿੱਚ ਕੋਈ ਵੀ ਜਾਜਕ ਕਿਸੇ ਜਾਨਵਰ ਨੂੰ ਵਾਪਸ ਨਹੀਂ ਲੈ ਕੇ ਜਾਂਦਾ ਸੀ, ਤਾਂ ਜੋ ਇਹ ਸੰਭਵ ਤੌਰ 'ਤੇ ਕਿਸੇ ਹੋਰ ਦਿਨ ਬਲੀ ਚੜ੍ਹਾਇਆ ਜਾ ਸਕਦਾ। ਇਹ ਇੱਕ ਸਥਾਈ ਬਲੀਦਾਨ ਸੀ। ਜੇਕਰ ਤੁਸੀਂ ਆਪਣੇ ਰੋਮੀਆਂ 12:1 ਵਾਲੇ ਬਲੀਦਾਨ ਨੂੰ ਜਗਵੇਦੀ ਗਰਮ ਹੋਣ 'ਤੇ ਉਸ ਤੋਂ ਉਤਾਰ ਦਿੰਦੇ ਹੋ, ਤਾਂ ਇਹ ਕਦੇ ਰੋਮੀਆਂ 12:1 ਵਾਲਾ ਬਲੀਦਾਨ ਹੈ ਹੀ ਨਹੀਂ ਸੀ।

**ਆਪਣੇ ਬਲੀਦਾਨ ਨੂੰ ਦੁਹਰਾਉਣਾ।** ਕੀ ਤੁਹਾਨੂੰ ਕਦੇ ਆਪਣੀ ਰੋਮੀਆਂ 12:1 ਵਾਲੇ ਬਲੀਦਾਨ ਨੂੰ ਦੁਹਰਾਉਣਾ ਚਾਹੀਦਾ ਹੈ? ਹਾਂ, ਜੇਕਰ ਤੁਹਾਡਾ ਬਲੀਦਾਨ ਮਨ ਭਾਉਂਦਾ ਨਹੀਂ ਸੀ। ਰੋਮੀਆਂ 12:1 ਅਨੁਸਾਰ, ਬਲੀਦਾਨ ਜੀਉਂਦਾ, ਪਵਿੱਤਰ ਅਤੇ ਮਨ ਭਾਉਂਦਾ ਹੋਣਾ ਚਾਹੀਦਾ ਹੈ। ਤੁਸੀਂ ਜੀਉਂਦੇ ਹੋ ਕਿਉਂਕਿ, ਮਸੀਹ ਉੱਤੇ ਵਿਸ਼ਵਾਸ ਕਰਨ ਨਾਲ, ਤੁਸੀਂ *"ਮੌਤ ਤੋਂ ਪਾਰ ਲੰਘ ਕੇ ਜੀਉਣ ਵਿੱਚ ਜਾ ਪਹੁੰਚੇ ਹੋ,"* ਯੂਹੰਨਾ 5:24. ਪਵਿੱਤਰ ਬਲੀਦਾਨ ਹੋਣਾ ਤੁਹਾਡੀ ਜ਼ਿੰਮੇਵਾਰੀ ਹੈ। ਪੁਰਾਣੇ ਨੇਮ ਦੇ ਜਾਨਵਰਾਂ ਦੀ ਬਲੀ ਚੜ੍ਹਾਉਣ ਲਈ ਉਨ੍ਹਾਂ ਦਾ ਮਨ ਭਾਉਂਦਾ ਅਰਥਾਤ ਸਵੀਕਾਰਯੋਗ ਹੋਣਾ ਜ਼ਰੂਰੀ ਹੁੰਦਾ ਸੀ। ਕੋਈ ਵੀ ਜਾਨਵਰ ਸੰਪੂਰਣ ਨਹੀਂ ਸੀ ਹੋ ਸਕਦਾ। ਪਰ ਇਹ ਰੋਗ ਮੁਕਤ, ਤੰਦਰੁਸਤ ਅਤੇ ਬੱਜ ਰਹਿਤ ਹੋਣਾ ਚਾਹੀਦਾ ਸੀ। ਇਹ ਰੋਮੀਆਂ 12:1 ਦੇ ਬਲੀਦਾਨ ਲਈ ਦੋ ਗੱਲਾਂ ਨੂੰ ਦਰਸਾਉਂਦਾ ਹੈ। ਪਹਿਲੀ ਗੱਲ, ਤੁਹਾਡਾ ਬਲੀਦਾਨ ਰੋਗ ਤੋਂ-ਮੁਕਤ ਹੋਣਾ ਚਾਹੀਦਾ ਹੈ। ਪਾਪ ਅਤੇ ਪਰਮੇਸ਼ੁਰ ਤੋਂ ਜੁਦਾਈ ਦਾ ਰੋਗ ਮੁਕਤੀ ਦੁਆਰਾ ਠੀਕ ਹੋਣਾ ਚਾਹੀਦਾ ਹੈ। ਇਸੇ ਲਈ ਰੋਮੀਆਂ 12:1 ਸਿਰਫ਼ ਵਿਸ਼ਵਾਸੀਆਂ ਲਈ ਲਿਖੀ ਗਈ ਹੈ (ਇਹ ਉਸੇ ਆਇਤ ਵਿੱਚ "ਭਰਾਵੋ" ਸ਼ਬਦ ਦੁਆਰਾ ਦਰਸਾਇਆ ਗਿਆ ਹੈ)। ਇੱਕ ਗੈਰ-ਵਿਸ਼ਵਾਸੀ ਦਾ ਬਲੀਦਾਨ ਮਨ ਭਾਉਂਦਾ ਨਹੀਂ ਹੈ ਕਿਉਂਕਿ ਬਲੀਦਾਨ ਮੁਕਤੀ ਤੋਂ *ਪਹਿਲਾਂ* ਨਹੀਂ, ਬਲਕਿ ਮੁਕਤੀ ਤੋਂ *ਬਾਅਦ* ਚੜ੍ਹਾਇਆ ਜਾਣਾ ਚਾਹੀਦਾ ਹੈ। ਯਿਸੂ ਦੇ ਪਿੱਛੇ ਚੱਲਣ ਤੋਂ ਪਹਿਲਾਂ ਤੁਹਾਨੂੰ ਯਿਸੂ ਕੋਲ ਆਉਣਾ ਪਵੇਗਾ। ਆਪਣੀ ਮੁਕਤੀ ਬਾਰੇ ਨਿਸ਼ਚਤ ਹੋਣ ਦੇ ਲਈ www.Gospel316.org. 'ਤੇ ਜਾਓ। ਪਵਿੱਤਰ ਹਿੱਸਾ ਇੱਕ ਵਿਸ਼ਵਾਸੀ ਦੇ ਜੀਵਨ ਵਿੱਚ ਆਤਮਕ ਪਵਿੱਤਰਤਾਈ ਦੇ ਇੱਕ ਮਨ ਭਾਉਂਦੇ ਪੱਧਰ ਨੂੰ ਦਰਸਾਉਂਦਾ ਹੈ। ਕੇਵਲ ਤਦ ਹੀ ਰੋਮੀਆਂ 12:1 ਵਾਲਾ ਤੁਹਾਡਾ ਬਲੀਦਾਨ ਪਰਮੇਸ਼ੁਰ ਨੂੰ ਮਨ ਭਾਉਂਦਾ ਹੋਵੇਗਾ। *"ਸੋ ਜੇ ਕੋਈ ਆਪਣੇ ਆਪ ਨੂੰ ਇਨ੍ਹਾਂ ਤੋਂ ਸ਼ੁੱਧ ਕਰੇ ਤਾਂ ਉਹ ਆਦਰ ਦੇ ਕੰਮ ਲਈ ਪਵਿੱਤਰ ਕੀਤਾ ਹੋਇਆ ਮਾਲਕ ਦੇ ਵਰਤਣ ਜੋਗ ਅਤੇ ਹਰੇਕ ਚੰਗੇ ਕੰਮ ਲਈ ਤਿਆਰ ਕੀਤਾ ਹੋਇਆ ਭਾਂਡਾ ਹੋਵੇਗਾ,"* 2 ਤਿਮੋਥਿਉਸ 2:21. ਤੁਸੀਂ ਸੰਪੂਰਣ ਨਹੀਂ ਹੋ ਸਕਦੇ। ਪਰ, ਤੁਸੀਂ ਆਤਮਕ ਤੰਦਰੁਸਤੀ ਅਤੇ ਪਵਿੱਤਰਤਾਈ ਦੇ ਢੁੱਕਵੇਂ ਪੱਧਰ 'ਤੇ ਆਪਣੇ ਆਪ ਨੂੰ ਬਲੀਦਾਨ ਚੜ੍ਹਾ ਸਕਦੇ ਹੋ। ਜਦੋਂ ਪਰਮੇਸ਼ੁਰ ਤੁਹਾਡਾ ਜੀਉਂਦਾ ਅਤੇ ਪਵਿੱਤਰ ਬਲੀਦਾਨ ਸਵੀਕਾਰ ਕਰ ਲੈਂਦਾ ਹੈ, ਤਾਂ ਤੁਹਾਨੂੰ ਇਸ ਨੂੰ ਦੁਬਾਰਾ ਕਦੇ ਵੀ ਚੜ੍ਹਾਉਣ ਦੀ ਲੋੜ ਨਹੀਂ ਪੈਂਦੀ। ਪਰ, ਜੇਕਰ ਤੁਹਾਡਾ ਬਲੀਦਾਨ ਪਰਮੇਸ਼ੁਰ ਨੂੰ ਮਨ ਭਾਉਂਦਾ ਨਹੀਂ ਸੀ, ਕਿਉਂਕਿ ਇਹ ਅਸਥਾਈ ਸੀ ਜਾਂ ਕਿਉਂਕਿ ਇਹ ਪਵਿੱਤਰ ਨਹੀਂ ਸੀ, ਤਾਂ ਇਸ ਨੂੰ ਦੁਹਰਾਉਣ ਦੀ ਲੋੜ ਹੁੰਦੀ ਹੈ। ਆਪਣੇ ਆਪ ਨੂੰ ਇੱਕ ਸਥਾਈ, ਜੀਉਂਦਾ ਅਤੇ ਪਵਿੱਤਰ ਬਲੀਦਾਨ ਕਰਕੇ ਚੜ੍ਹਾਓ। ਆਪਣੇ ਆਪ ਨੂੰ ਸਵੈ-ਇੱਛਾ ਨਾਲ ਅਤੇ ਪੱਕੇ ਤੌਰ 'ਤੇ ਪਰਮੇਸ਼ੁਰ ਦੇ ਗੁਲਾਮ ਬਣਾਓ। ਇਸ ਨੂੰ ਐਵੇਂ ਸਮਝ ਕੇ ਨਾ ਕਰੋ। ਮੁਕਤੀ ਤੋਂ ਬਾਅਦ ਇਹ ਇੱਕ ਬਹੁਤ ਹੀ ਗੰਭੀਰ ਫ਼ੈਸਲਾ ਹੈ। ਤੁਹਾਡਾ ਬਲੀਦਾਨ ਸਵੀਕਾਰ ਹੋਣ ਤੋਂ ਬਾਅਦ, ਯਿਸੂ ਮਸੀਹ ਦੇ ਸੱਚੇ ਚੇਲੇ ਵਜੋਂ ਰੋਮੀਆਂ 12:2 ਦੇ ਆਪਣੇ ਇਸ ਜੁੱਗ ਦੇ ਰੂਪ ਜੇਹੇ ਨਾ ਬਣਨ ਅਤੇ ਹੋਰ ਸਰੂਪ ਵਿੱਚ ਬਦਲਦੇ ਜਾਣ ਵਾਲੇ ਜੀਵਨ ਵੱਲ ਵਧੋ। ਉਸ ਸਭ ਜੋ ਪਰਮੇਸ਼ੁਰ ਨੇ ਤੁਹਾਡੇ ਲਈ ਕੀਤਾ ਹੈ, ਉਸ ਦੇ ਬਦਲੇ ਪਰਮੇਸ਼ੁਰ ਦੇ ਲਈ ਇਹ ਜ਼ਰੂਰ ਕਰੋ!

**ਤੁਹਾਡੇ ਬਲੀਦਾਨ ਤੋਂ ਬਾਅਦ ਦਾ ਜੀਵਨ।** *"ਅਤੇ ਇਸ ਜੁੱਗ ਦੇ ਰੂਪ ਜੇਹੇ ਨਾ ਬਣੋ ਸਗੋਂ ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ ਵਿੱਚ ਬਦਲਦੇ ਜਾਓ ਤਾਂ ਜੋ ਤੁਸੀਂ ਸਿਆਣ ਲਵੋ ਭਈ ਪਰਮੇਸ਼ੁਰ ਦੀ ਚੰਗੀ ਅਤੇ ਮਨ ਭਾਉਂਦੀ ਅਤੇ ਪੂਰੀ ਇੱਛਿਆ ਕੀ ਹੈ,"* ਰੋਮੀਆਂ 12:2. ਇਹ ਆਇਤ ਤੁਹਾਡੇ ਰੋਮੀਆਂ 12:1 ਦੇ ਬਲੀਦਾਨ ਤੋਂ ਬਾਅਦ ਦੇ ਜੀਵਨ ਲਈ ਨਸੀਹਤਾਂ ਦਿੰਦੀ ਹੈ। ਇਹ ਨਸੀਹਤਾਂ ਵਰਤਮਾਨ ਕਾਲ ਵਿੱਚ ਹਨ, ਜਿਸ ਦਾ ਅਰਥ ਹੈ ਕਿ ਆਪਣੀ ਬੁੱਧ ਦੇ ਨਿਰੰਤਰ ਨਵੇਂ ਹੋਣ ਕਰਕੇ ਇਸ ਜੁੱਗ ਦੇ ਰੂਪ ਜੇਹੇ ਨਾ ਬਣਦੇ ਜਾਓ ਸਗੋਂ ਹੋਰ ਸਰੂਪ ਵਿੱਚ ਬਦਲਦੇ ਜਾਓ। ਇਸ ਸੰਸਾਰ ਦੀਆਂ ਪਾਪ ਭਰੀਆਂ ਰੀਤਾਂ ਦੇ ਰੂਪ ਜੇਹੇ ਨਾ ਬਣੋ, ਨਾ ਹੀ ਉਨ੍ਹਾਂ ਨੂੰ ਸਵੀਕਾਰ ਕਰੋ। ਇਸ ਸੰਸਾਰ ਨੂੰ ਇਹ ਤੈਅ ਨਾ ਕਰਨ ਦਿਓ ਕਿ ਇੱਕ ਵਿਸ਼ਵਾਸੀ ਦੇ ਰੂਪ ਵਿੱਚ ਤੁਸੀਂ ਕੌਣ ਹੋ। ਰੋਮੀਆਂ 12:2 ਤੁਹਾਨੂੰ *"ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ ਵਿੱਚ ਬਦਲਦੇ ਜਾਣ" ਦੀ ਨਸੀਹਤ ਦਿੰਦੀ ਹੈ।* ਯੂਨਾਨੀ ਸ਼ਬਦ ਜਿਸ ਦਾ ਅਨੁਵਾਦ *ਸਰੂਪ ਵਿੱਚ ਬਦਲਦੇ ਜਾਓ* ਕੀਤਾ ਗਿਆ ਹੈ, ਉਹੀ ਸ਼ਬਦ ਹੈ ਜੋ ਮੱਤੀ 17:2 ਅਤੇ ਮਰਕੁਸ 9:2 ਵਿੱਚ ਯਿਸੂ ਲਈ ਵਰਤਿਆ ਗਿਆ ਹੈ ਜਿੱਥੇ ਇਹ ਦੱਸਿਆ ਗਿਆ ਹੈ ਕਿ ਯਿਸੂ ਦਾ *ਰੂਪ ਬਦਲ ਗਿਆ ਸੀ।* ਰੋਮੀਆਂ 12:2 ਤੁਹਾਡੀ ਬੁੱਧ ਦੇ ਨਵੇਂ ਹੋਣ (ਨਵੀਨੀਕਰਣ, ਬਿਹਤਰੀ ਲਈ ਪੂਰਾ ਬਦਲਾਅ) ਦੁਆਰਾ ਸਰੂਪ ਵਿੱਚ ਬਦਲਦੇ ਜਾਣ ਦੀ ਇੱਕ ਨਸੀਹਤ ਹੈ। ਇਹ ਰੂਪਾਂਤਰਣ (ਜੋ ਇੱਕ ਸੁੰਡੀ ਦੇ ਤਿਤਲੀ ਬਣਨ ਨਾਲੋਂ ਵੀ ਜ਼ਿਆਦਾ ਅਨੋਖਾ ਹੈ) ਉਦੋਂ ਪੂਰਾ ਹੁੰਦਾ ਹੈ ਜਦੋਂ ਤੁਸੀਂ ਪਰਮੇਸ਼ੁਰ ਦੇ ਬਚਨ ਨੂੰ ਸਿੱਖਦੇ ਅਤੇ ਇਸ ਅਨੁਸਾਰ ਜੀਵਨ ਜੀਉਂਦੇ ਹੋ। ਆਪਣਾ ਰੋਮੀਆਂ 12:1 ਵਾਲਾ ਬਲੀਦਾਨ ਦਿਓ। ਇਸ ਜੁੱਗ ਦੇ ਢਾਂਚੇ ਵਿੱਚ ਨਾ ਢਲੋ। ਜਦੋਂ ਤੁਸੀਂ ਪਰਮੇਸ਼ੁਰ ਦੇ ਬਚਨ ਨੂੰ ਸਿੱਖਦੇ ਅਤੇ ਇਸ ਅਨੁਸਾਰ ਜੀਵਨ ਜੀਉਂਦੇ ਹੋ, ਤਾਂ ਸਰੂਪ ਵਿੱਚ ਬਦਲਦੇ ਜਾਓ। ਫਿਰ ਤੁਸੀਂ ਪਰਮੇਸ਼ੁਰ ਦੀ ਇੱਛਾ ਨੂੰ ਸਮਝ ਸਕਦੇ ਹੋ ਅਤੇ ਉਸ ਅਨੁਸਾਰ ਜੀ ਸਕਦੇ ਹੋ।

**"ਤਾਂ ਜੋ ਤੁਸੀਂ ਸਿਆਣ ਲਵੋ ਭਈ ਪਰਮੇਸ਼ੁਰ ਦੀ ਚੰਗੀ ਅਤੇ ਮਨ ਭਾਉਂਦੀ ਅਤੇ ਪੂਰੀ ਇੱਛਿਆ ਕੀ ਹੈ।" ਰੋਮੀਆਂ 12:2**

*ਜੀਉਂਦਾ ਬਲੀਦਾਨ* © 2026 ਜੌਨ ਡੀ. ਮੌਰਿਸ III ਦੁਆਰਾ ਐਕਟਸ ਵਨ ਏਟ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਹੈ। ਤੁਸੀਂ ਇਸ ਪੂਰੇ ਕਥਨ ਨੂੰ ਸ਼ਾਮਲ ਕਰਕੇ ਇਸ ਸਮੱਗਰੀ ਨੂੰ ਬਿਨਾਂ ਕੋਈ ਬਦਲਾਅ ਕੀਤੇ ਮੁਫ਼ਤ ਵਿੱਚ ਛਪਵਾ ਸਕਦੇ ਹੋ ਜਾਂ ਕਾਪੀ, ਪੋਸਟ, ਈਮੇਲ ਜਾਂ ਸੰਦੇਸ਼ ਦੇ ਰੂਪ ਵਿੱਚ ਭੇਜ ਸਕਦੇ ਹੋ। ਤੁਸੀਂ ਪਹਿਲੇ ਪੰਨੇ ਦੇ ਸਭ ਤੋਂ ਉੱਪਰ ਆਪਣੀ ਸੇਵਕਾਈ ਜਾਂ ਚਰਚ ਦਾ ਨਾਮ ਜਾਂ ਲੋਗੋ ਲਗਾ ਸਕਦੇ ਹੋ ਅਤੇ ਦੂਜੇ ਪੰਨੇ ਦੇ ਹੇਠਾਂ ਮੋਟੀ ਲਕੀਰ ਦੇ ਉੱਪਰ ਆਪਣੀ ਸੰਪਰਕ ਜਾਣਕਾਰੀ ਦੇ ਸਕਦੇ ਹੋ। *Sacrifice316* ਸਿਰਫ਼ ਬਾਈਬਲ 'ਤੇ ਆਧਾਰਤ ਹੈ। ਇਸ ਦਾ ਉਦੇਸ਼ ਲੋਕਾਂ ਨੂੰ ਯਿਸੂ ਵਿੱਚ ਸਿਰਫ਼ ਵਿਸ਼ਵਾਸੀ ਹੋਣ ਤੋਂ ਅੱਗੇ ਵਧ ਕੇ, ਆਤਮਕ ਤੌਰ ਤੇ ਵਧਣ ਵਿੱਚ ਮਦਦ ਕਰਨਾ ਹੈ। ਤੁਸੀਂ (ਜੇ ਸੰਭਵ ਹੋਵੇ ਤਾਂ ਪੰਜਾਬੀ ਵਿੱਚ) ਐਕਟਸ ਵਨ ਏਟ ਨੂੰ ਇਸ ਪਤੇ 'ਤੇ ਈਮੇਲ ਭੇਜ ਸਕਦੇ ਹੋ: Hello@Mail316.org. ਅਨੁਵਾਦ ਸੇਵਾਵਾਂ www.ChristianLingua.com. ਦੁਆਰਾ ਪ੍ਰਦਾਨ ਕੀਤੀਆਂ ਗਈਆਂ ਸਨ। *ਜੀਉਂਦਾ ਬਲੀਦਾਨ* www.Sacrifice316.org. 'ਤੇ 48 ਭਾਸ਼ਾਵਾਂ ਵਿੱਚ ਮੁਫ਼ਤ ਉਪਲਬਧ ਹੈ। ਅੰਗਰੇਜ਼ੀ ਸੰਸਕਰਣ ਵਿੱਚ ਦਿੱਤੇ ਗਏ ਹਵਾਲੇ ਦ ਲੌਕਮੈਨ ਫਾਉਂਡੇਸ਼ਨਜ ਨਿਊ ਅਮਰੀਕਨ ਸਟੈਂਡਰਡ ਬਾਈਬਲ 1995 ਵਿੱਚੋਂ ਹਨ। ਇਸ ਅਨੁਵਾਦ ਵਿੱਚ ਬਾਈਬਲ ਦੇ ਹਵਾਲੇ ਦ ਬਾਈਬਲ ਸੋਸਾਇਟੀ ਆਫ਼ ਇੰਡੀਆ ਪੰਜਾਬੀ ਬਾਈਬਲ (ਪੁਰਾਣਾ ਅਨੁਵਾਦ) ਵਿੱਚੋਂ ਲਏ ਗਏ ਹਨ।